# ਸਾਡੇ ਸਮਿਆਂ ਦਾ ਲੋਕ ਨਾਇਕ—ਗੁਰਸ਼ਰਨ ਸਿੰਘ

*—ਕੇਵਲ ਧਾਲੀਵਾਲ*

ਪੰਜਾਬ ਦੇ ਮਹਾਨ ਨਾਟਕਕਾਰ ਗੁਰਸ਼ਰਨ ਸਿੰਘ, ਜਿਨ੍ਹਾਂ ਨੂੰ ਰੰਗਕਰਮੀ ਪਿਆਰ ਤੇ ਸਤਿਕਾਰ ਨਾਲ ਭਾਅ ਜੀ ਕਹਿੰਦੇ ਸਨ, ਦੇ ਤੁਰ ਜਾਣ ਨਾਲ ਰੰਗਮੰਚ ਦੇ ਇਕ ਯੁੱਗ ਦਾ ਅੰਤ ਹੋ ਗਿਆ ਏ। ਸਾਡੇ ਸਮਿਆਂ ਦੇ ਪੰਜਾਬੀ ਰੰਗਮੰਚ ਦੇ ਸ਼ੈਕਸਪੀਅਰ ਦਾ ਤੁਰ ਜਾਣਾ ਇੰਝ ਲੱਗਦਾ ਏ ਜਿਵੇਂ ਸਮੁੱਚੇ ਰੰਗਮੰਚ ਤੋਂ ਅਸ਼ੀਰਵਾਦ ਵਾਲਾ ਹੱਥ ਉੱਠ ਗਿਆ ਹੋਵੇ। ਪੰਜਾਬੀ ਰੰਗਮੰਚ ਉੱਤੇ ਪੰਜਾਹ ਸਾਲ ਰਾਜ ਕਰਨ ਵਾਲੇ ਗੁਰਸ਼ਰਨ ਸਿੰਘ ਸਰੀਰਕ ਤੌਰ 'ਤੇ ਬੇਸ਼ਕ ਅੱਜ ਸਾਡੇ ਵਿਚ ਨਹੀਂ ਰਹੇ, ਪਰ ਉਨ੍ਹਾਂ ਨੇ ਪਿਛਲੇ 50-52 ਸਾਲਾਂ ਵਿਚ ਜੋ ਰੰਗਮੰਚ ਰਾਹੀਂ ਸੁਨੇਹਾ ਦਿੱਤਾ, ਸਾਨੂੰ ਜੀਣ ਦੀ ਜਾਚ ਸਿਖਾਈ, ਸਾਡੇ ਲਈ ਜੋ ਨਾਟਕ ਲਿਖੇ, ਉਨ੍ਹਾਂ ਰਾਹੀਂ ਉਹ ਅੱਜ ਵੀ ਸਾਡੇ ਵਿਚਕਾਰ ਹਨ।

16 ਸਤੰਬਰ 1929 ਨੂੰ ਉਨ੍ਹਾਂ ਦਾ ਜਨਮ ਸਿਆਲਕੋਟ ਵਿਖੇ ਹੋਇਆ ਤਾਂ ਲੋਕਾਂ ਦੇ ਇਸ ਨਾਇਕ ਨੇ ਨਿੱਕੇ ਹੁੰਦਿਆਂ ਤੋਂ ਸਮਿਆਂ ਦੀ ਨਬਜ਼ ਪਤਾਣ ਲਈ ਤੇ ਲੋਕਾਈ ਦੀ ਪੀੜ ਨੂੰ ਵੀ ਮਹਿਸੂਸ ਕੀਤਾ। ਇਸੇ ਲਈ ਉਨ੍ਹਾਂ ਨੇ ਪੰਜਾਬੀ ਰੰਗਮੰਚ ਨੂੰ ਇਕ ਨਵਾਂ ਮੂੰਹ-ਮੁਹਾਂਦਰਾ ਦਿੱਤਾ। ਸ਼ਹਿਰ ਦੀਆਂ ਵਲਗਣਾਂ 'ਚੋਂ ਕੱਢ ਕੇ ਉਨ੍ਹਾਂ ਨੇ ਰੰਗਮੰਚ ਨੂੰ ਪਿੰਡਾਂ ਦੀਆਂ ਸੱਥਾਂ ਤਕ ਪਹੁੰਚਾਇਆ। ਸ਼ਾਇਦ ਹੀ ਪੰਜਾਬ ਦਾ ਅਜਿਹਾ ਕੋਈ ਪਿੰਡ ਹੋਵੇਗਾ, ਜਿਥੇ ਗੁਰਸ਼ਰਨ ਸਿੰਘ ਨੇ ਨਾਟਕ ਨਾ ਖੇਡਿਆ ਹੋਵੇ। 52 ਸਾਲਾਂ ਦੇ ਰੰਗਮੰਚ ਸਫ਼ਰ ਵਿਚ ਉਨ੍ਹਾਂ ਨੇ 185 ਤੋਂ ਵੱਧ ਨਾਟਕ ਲਿਖੇ, ਉਨ੍ਹਾਂ ਨਾਟਕਾਂ ਦੀਆਂ 12000 ਤੋਂ ਵੱਧ ਪੇਸ਼ਕਾਰੀਆਂ ਪੰਜਾਬ ਦੇ ਪਿੰਡਾਂ ਤੋਂ ਲੈ ਕੇ ਦੇਸ਼-ਵਿਦੇਸ਼ ਵਿਚ ਕੀਤੀਆਂ। ਉਨ੍ਹਾਂ ਨੇ ਅਦਾਕਾਰੀ ਨਿਰਦੇਸ਼ਨ, ਨਾਟ ਲੇਖਨ ਅਤੇ ਨਾਟ ਪੇਸ਼ਕਾਰੀ ਦੀ ਆਪਣੀ ਵਿਸ਼ੇਸ਼ ਥੜਾ ਸ਼ੈਲੀ ਵਿਕਸਤ ਕੀਤੀ, ਆਪਣੇ ਆਪ ਨੂੰ ਭੁੱਲ ਕੇ ਨਾਟਕੀ ਪਾਤਰ ਦਾ ਸਾਕਾਰ ਰੂਪ ਹੋ ਜਾਣ ਵਾਲੀ ਵਿਲੱਖਣ ਸ਼ੈਲੀ, ਜਜ਼ਬਾਤਾਂ ਨਾਲ ਭਰਪੂਰ, ਦਰਸ਼ਕਾਂ ਦੀ ਸੋਚ ਨੂੰ ਕਰਾਮਾਤੀ ਢੰਗ ਨਾਲ ਆਪਣੇ ਨਾਲ ਬਰਾਬਰ ਤੋਰ ਲੈਣ ਵਾਲੀ ਸ਼ੈਲੀ, ਥੜਾ ਰੰਗਮੰਚ ਸ਼ੈਲੀ, ਨੁੱਕੜ ਨਾਟਕ ਸ਼ੈਲੀ, ਪੇਂਡੂ ਰੰਗਮੰਚ ਸ਼ੈਲੀ। ਉਨ੍ਹਾਂ ਨੇ ਰੰਗਮੰਚ ਨੂੰ ਸਮਾਜਿਕ ਚੇਤਨਾ ਲਈ ਹਥਿਆਰ ਵਜੋਂ

ਵਰਤਿਆ। ਆਪਣੀ ਸਰਕਾਰੀ ਵੱਡੇ ਅਫ਼ਸਰ ਵਾਲੀ ਨੌਕਰੀ ਨੂੰ ਤਿਆਗਿਆ, ਐਮਰਜੰਸੀ ਵੇਲੇ ਹੱਕ ਸੱਚ ਦੀ ਆਵਾਜ਼ ਉੱਚੀ ਕੀਤੀ ਤੇ ਜੇਲ੍ਹ ਦਾ ਕਸ਼ਟ ਵੀ ਝੱਲਿਆ। ਨਾਟਕਾਂ ਵਿਚ ਆਪਣੀ ਪਤਨੀ ਕੈਲਾਸ਼ ਕੌਰ ਤੇ ਦੋ ਧੀਆਂ ਤਿੰਨ ਚਾਰ ਐਕਟਰਾਂ ਨੂੰ ਨਾਲ ਲੈ ਕੇ ਮੋਢਿਆਂ ਉੱਤੇ ਨਾਟ-ਸਮੱਗਰੀ ਅਤੇ ਕਿਤਾਬਾਂ ਦੇ ਥੈਲੇ ਚੁੱਕੀ ਭਾਅ ਜੀ ਪਿੰਡ-ਪਿੰਡ ਲੋਕਾਂ ਨੂੰ ਜਾਗਰੂਕ ਕਰਦੇ, ਸਮਾਜਿਕ ਬਰਾਬਰੀ ਦਾ ਸੁਨੇਹਾ ਦਿੰਦੇ, ਨਾਟਕ ਖੇਡਦੇ, ਲੋਕਾਂ ਵਿਚ ਚੰਗਾ ਸਾਹਿਤ ਲੈ ਕੇ ਜਾਂਦੇ, ਬਿਨਾਂ ਕੋਈ ਟਿਕਟ ਲਾਇਆਂ ਹਜ਼ਾਰਾਂ, ਲੱਖਾਂ ਲੋਕਾਂ ਸਾਹਮਣੇ ਨਾਟਕ ਖੇਡਦੇ, ਕਿਸਾਨਾਂ, ਮਜ਼ਦੂਰਾਂ ਦੇ ਘਰਾਂ 'ਚ ਰੁੱਖੀ-ਮਿੱਸੀ ਦਾਲ ਰੋਟੀ ਛਕ ਕੇ, ਠੰਡਾ ਪਾਣੀ ਪੀ ਕੇ ਅਗਲੇ ਪਿੰਡ ਲੋਕਾਂ ਨੂੰ ਪ੍ਰੇਰਨ ਵਾਲਾ ਜ਼ਿੰਦਗੀ ਦਾ ਮਸੀਹਾ, ਲੱਖਾਂ ਨੌਜਵਾਨਾਂ ਨੂੰ ਪ੍ਰੇਰਦਾ। ਉਹ ਹਮੇਸ਼ਾ ਹੀ ਬਾਬੇ ਨਾਨਕ, ਗੁਰੂ ਗੋਬਿੰਦ ਸਿੰਘ, ਭਗਤ ਸਿੰਘ ਤੇ ਗ਼ਦਰੀ ਬਾਬਿਆਂ ਦੇ ਰਾਹ ਨੂੰ ਆਪਣਾ ਰਾਹ ਕਹਿੰਦੇ।

ਉਹ ਜਿਧਰੋਂ ਦੀ ਲੰਘਦੇ ਉਧਰ ਹੀ ਰਾਹ ਬਣਦੇ ਜਾਂਦੇ। ਇਸੇ ਲਈ ਉਨ੍ਹਾਂ ਦੇ ਦਰਸ਼ਕਾਂ ਦਾ ਘੇਰਾ ਸੰਸਾਰ ਦੇ ਅਨੇਕਾਂ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਮੌਜੂਦ ਹੈ। ਉਨ੍ਹਾਂ ਨੇ ਰੰਗਮੰਚ ਦੇ ਨਾਲ-ਨਾਲ ਟੀ.ਵੀ. ਸੀਰੀਅਲਾਂ ਭਾਈ ਮੰਨਾ ਸਿੰਘ ਰਾਹੀਂ ਵੀ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ। ਉਹ ਜਿਧਰ ਦੀ ਲੰਘਦੇ, ਲੋਕੀਂ ਕਹਿੰਦੇ—'ਔਹ ਜਾਂਦਾ ਭਾਈ ਮੰਨਾ ਸਿੰਘ'।

ਗੁਰਸ਼ਰਨ ਸਿੰਘ ਬੁਲੰਦ ਆਵਾਜ਼ ਵਾਲੀ ਬੁਲੰਦ ਸ਼ਖ਼ਸੀਅਤ ਸਨ। ਪ੍ਰਿਥਵੀ ਰਾਜ ਕਪੂਰ ਤੋਂ ਬਾਅਦ ਜੇਕਰ ਕੋਈ ਬੁਲੰਦ, ਪੁਖਤਾ ਅਤੇ ਨਾਟਕੀ ਅੰਦਾਜ਼ ਵਾਲੀ ਕੋਈ ਆਵਾਜ਼ ਸੀ ਤਾਂ ਉਹ ਗੁਰਸ਼ਰਨ ਸਿੰਘ ਦੀ ਹੀ ਸੀ। ਉਨ੍ਹਾਂ ਨੇ ਕਲਾਕਾਰਾਂ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਨੂੰ ਤਿਆਰ ਕੀਤਾ, ਅਸ਼ੀਰਵਾਦ ਦਿੱਤਾ ਤੇ ਆਪਣੇ ਨਾਲ ਵੀ ਤੋਰਿਆ।

ਸ. ਗੁਰਸ਼ਰਨ ਸਿੰਘ ਵਰਗੀ ਵਿਲੱਖਣ ਸ਼ਖ਼ਸੀਅਤ ਬਾਰੇ ਗੱਲ ਕਰਨ ਜਾਂ ਕੁਝ ਲਿਖਣ ਸਮੇਂ, ਮੈਂ ਉਨ੍ਹਾਂ ਨੂੰ ਮਹਿਜ਼ ਨਾਟਕਕਾਰ ਨਹੀਂ ਸਮਝਦਾ, ਕਿਉਂਕਿ ਇਕ ਨਾਟਕਕਾਰ ਤੋਂ ਵੱਧ ਹੋਰ ਵੀ ਬਹੁਤ ਕੁਝ ਸਨ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਬਹੁਤ ਕੁਝ ਸਮੋਇਆ ਹੋਇਆ ਸੀ। ਇਕ ਇੰਜੀਨੀਅਰ, ਲੇਖਕ, ਨਾਟਕਕਾਰ, ਅਦਾਕਾਰ, ਨਿਰਦੇਸ਼ਕ, ਪ੍ਰਕਾਸ਼ਕ, ਲੋਕਾਂ ਦਾ ਆਗੂ, ਸੰਪਾਦਕ, ਕੁਸ਼ਲ ਪ੍ਰਬੰਧਕ, ਵਕਤਾ, ਇਕ ਨਾਇਕ ਅਤੇ ਸਭ ਤੋਂ ਉਪਰ ਇਕ ਵਧੀਆ ਇਨਸਾਨ। ਉਹ ਇਕ ਤੁਰਦੀ-ਫਿਰਦੀ ਸੰਸਥਾ ਸਨ।

ਉਹ ਪੰਜਾਬ ਵਿਚ ਨਾਇਕ ਦਾ ਦਰਜਾ ਹਾਸਲ ਕਰ ਚੁੱਕੇ ਸਨ। ਪਿਛਲੇ 52 ਸਾਲਾਂ ਦਾ ਪੰਜਾਬੀ ਰੰਗਮੰਚ ਦਾ ਜਿਉਂਦਾ ਜਾਗਦਾ ਇਤਿਹਾਸ ਸਨ। ਉਨ੍ਹਾਂ ਨੇ ਰਾਜਨੀਤਕ ਅਤੇ ਸਭਿਆਚਾਰਕ ਪਿੜ ਵਿਚ ਹਰ ਇਕ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਨਾਲ ਪਿਛਲੇ 33-34 ਸਾਲਾਂ ਤੋਂ ਮੇਰੀ ਸਾਂਝ ਰਹੀ। ਮੈਂ ਉਨ੍ਹਾਂ ਦੇ ਨਾਟ ਗਰੁੱਪ

ਨਾਲ 1978 'ਚ ਜੁੜਿਆ ਤੇ ਅਗਲੇ 10 ਸਾਲਾਂ 'ਚ ਹੋਈ ਹਰੇਕ ਪੇਸ਼ਕਾਰੀ ਵਿਚ ਮੈਂ ਹਾਜ਼ਰ ਰਿਹਾ। ਉਨ੍ਹਾਂ ਕਾਲੇ ਸਮਿਆਂ ਵਿਚ ਜਦੋਂ ਜਨੂੰਨ ਦੀ ਹਨੇਰੀ ਹਰ ਪਾਸੇ ਝੁੱਲ ਰਹੀ ਸੀ, ਮੈਂ ਉਨ੍ਹਾਂ ਨੂੰ ਬੇਬਾਕ ਵਿਚਰਦਿਆਂ ਵੇਖਿਆ। ਇਕ ਦਿਨ ਵਿਚ ਉਹ ਤਿੰਨ-ਤਿੰਨ, ਚਾਰ-ਚਾਰ ਪਿੰਡਾਂ ਵਿਚ ਨਾਟਕਾਂ ਦੇ ਸ਼ੋਅ ਕਰਦੇ ਰਹੇ। ਕਈ ਵਾਰ ਸਾਲ ਵਿਚ 250 ਤੋਂ ਵੱਧ ਵੀ ਸ਼ੋਅ ਕਰਦੇ। ਉਨ੍ਹਾਂ ਸਮਿਆਂ ਵਿਚ ਪਿੰਡ-ਪਿੰਡ, ਸ਼ਹਿਰ-ਸ਼ਹਿਰ ਹਿੰਦੂ-ਸਿੱਖ ਏਕਤਾ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਆਪਣੇ ਕਲਾਕਾਰ ਦੋਸਤ ਬਲਰਾਜ ਸਾਹਨੀ ਦੇ ਨਾਂ 'ਤੇ ਪਬਲੀਸ਼ਿੰਗ ਹਾਊਸ ਬਣਾਇਆ ਤੇ ਬਹੁਤ ਥੋੜ੍ਹੇ ਮੁੱਲ 'ਤੇ ਲੋਕਾਂ ਵਿਚ ਸਾਹਿਤ ਪਹੁੰਚਾਇਆ। ਮੇਰੇ ਵਰਗਿਆਂ ਨੂੰ ਜੇਕਰ ਸਾਹਿਤ ਪੜ੍ਹਨ ਦੀ ਚੇਟਕ ਲੱਗੀ ਤਾਂ ਉਸ ਪਿੱਛੇ ਵੀ ਉਨ੍ਹਾਂ ਵੱਲੋਂ ਛਾਪੀਆਂ ਕਿਤਾਬਾਂ ਦਾ ਹੱਥ ਹੈ। ਉਨ੍ਹਾਂ ਕੋਲੋਂ ਅਸੀਂ ਕੁਸ਼ਲ ਪ੍ਰਬੰਧਕ ਵਾਲੇ ਸਾਰੇ ਗੁਣ ਸਿੱਖੇ ਕਿ ਕਿਵੇਂ ਇਕ ਥੀਏਟਰ ਗਰੁੱਪ ਨੂੰ ਚਲਾਉਣਾ ਹੈ? ਜਦੋਂ ਉਹ ਨਾਟਕ ਲਿਖਦੇ ਤਾਂ ਮੈਂ ਉਸ ਪਟਕਥਾ ਦੀਆਂ ਤਿੰਨ-ਚਾਰ ਕਾਪੀਆਂ ਕਰਦਾ, ਕਿਉਂਕਿ ਉਦੋਂ ਹਾਲੇ ਫੋਟੋਸਟੇਟ ਮਸ਼ੀਨ ਨਹੀਂ ਸੀ ਹੁੰਦੀ ਤੇ ਮੈਂ ਆਪਣੀ ਪਟਕਥਾ ਵੱਖਰੀ ਫਾਈਲ ਵਿਚ ਸਾਂਭ ਲੈਂਦਾ। ਮੇਰੇ ਕੋਲ ਹਾਲੇ ਵੀ ਉਨ੍ਹਾਂ ਦੀਆਂ ਕਈ ਹੱਥ ਲਿਖਤ ਪਟਕਥਾਵਾਂ ਓਦਾਂ ਹੀ ਸਾਂਭੀਆਂ ਪਈਆਂ ਹਨ, ਜਿਵੇਂ ਕਿਸੇ ਧਾਰਮਿਕ ਗ੍ਰੰਥ ਨੂੰ ਸਾਂਭੀਦਾ ਹੈ। ਮੇਰੀਆਂ ਅੱਖਾਂ ਅੱਗੇ ਉਸੇ ਤਰ੍ਹਾਂ ਉਨ੍ਹਾਂ ਦੇ ਅੰਮ੍ਰਿਤਸਰ ਵਾਲੇ ਘਰ ਦਾ ਨਕਸ਼ਾ ਹੈ ਕਿ ਕਿਵੇਂ ਅਸੀਂ ਸ਼ਾਮ ਨੂੰ ਕੋਠੇ 'ਤੇ ਰਿਹਰਸਲਾਂ ਕਰਦੇ ਤੇ ਭਾਬੀ ਜੀ ਸਾਨੂੰ ਬਾਲਟੀ 'ਚ ਬਰਫ਼ ਪਾ ਕੇ ਠੰਡਾ ਪਾਣੀ ਪੀਣ ਲਈ ਦਿੰਦੇ। ਉਸੇ ਘਰ ਨੂੰ ਭਾਅ ਜੀ ਗੁਰਸ਼ਰਨ ਸਿੰਘ ਇਕ ਓਪਨ ਥੀਏਟਰ ਦਾ ਰੂਪ ਦੇਣਾ ਚਾਹੁੰਦੇ ਸਨ। ਉਨ੍ਹਾਂ ਦੀ ਇਹ ਬੜੀ ਰੀਝ ਸੀ ਕਿ ਉਨ੍ਹਾਂ ਦੇ ਘਰ ਵਿਚ ਥੀਏਟਰ ਹੋਵੇ, ਪਰ ਬਦਲੇ ਹਾਲਾਤ ਵਿਚ ਉਨ੍ਹਾਂ ਨੂੰ ਉਹ ਘਰ ਛੱਡ ਕੇ ਚੰਡੀਗੜ੍ਹ ਜਾਣਾ ਪਿਆ ਤੇ ਉਹ ਘਰ ਅੱਜ ਵੀ ਸੁੰਨਸਾਨ ਪਿਆ ਕਿਸੇ ਨਾਟਕ ਦੀਆਂ ਰਿਹਰਸਲਾਂ ਨੂੰ ਉਡੀਕ ਰਿਹਾ ਹੈ। ਮੈਂ ਸੋਚਦਾਂ ਕਿ ਜੇਕਰ ਇੰਗਲੈਂਡ ਵਿਚ ਲੋਕੀਂ ਸ਼ੈਕਸਪੀਅਰ ਦੇ ਘਰ ਨੂੰ ਸਾਂਭ ਸੰਭਾਲ ਸਕਦੇ ਹਨ ਤਾਂ ਕੀ ਸਾਡੀ ਸਰਕਾਰ ਜਾਂ ਗੁਰਸ਼ਰਨ ਸਿੰਘ ਜੀ ਦੀਆਂ ਸਭ ਇਨਕਲਾਬੀ ਧਿਰਾਂ ਉਨ੍ਹਾਂ ਦੇ ਉਸ ਘਰ ਨੂੰ ਸਾਂਭ ਕੇ ਇਕ ਥੀਏਟਰ ਦੇ ਰੂਪ 'ਚ ਵਿਕਸਤ ਨਹੀਂ ਕਰ ਸਕਦੀਆਂ?

ਜਦੋਂ ਵੀ ਕਦੇ ਸਰਕਾਰ ਵਿਚ, ਪ੍ਰਸ਼ਾਸਨ ਵਿਚ ਜਾਂ ਸਮਾਜ ਵਿਚ ਕੁਝ ਵੀ ਗ਼ਲਤ ਹੋਇਆ, ਉਨ੍ਹਾਂ ਨੇ ਆਪਣੇ ਨਾਟਕਾਂ ਰਾਹੀਂ ਉਸ 'ਤੇ ਉਂਗਲ ਰੱਖੀ। ਖ਼ਾਸ ਤੌਰ 'ਤੇ ਉਨ੍ਹਾਂ ਨੇ ਔਰਤਾਂ ਦੇ ਹੱਕ 'ਚ ਆਵਾਜ਼ ਉਠਾਈ। ਕਈ ਵਾਰੀ ਪਿੰਡਾਂ ਵਿਚ ਜਦੋਂ ਦਰਸ਼ਕਾਂ ਵਿਚ ਔਰਤਾਂ ਨਾ ਹੁੰਦੀਆਂ ਤਾਂ ਉਹ ਨਾਟਕ ਨਹੀਂ ਸਨ ਸ਼ੁਰੂ ਕਰਦੇ ਤੇ ਸਟੇਜ ਤੋਂ ਅਨਾਊਂਸ ਕਰਦੇ ਕਿ 'ਮੇਰੀਆਂ ਧੀਆਂ, ਭੈਣਾਂ ਘਰਾਂ 'ਚ ਲੁਕ ਕੇ ਨਾ ਬੈਠਣ, ਉਹ ਵੀ ਆ ਕੇ ਨਾਟਕ ਦੇਖਣ।' ਫਿਰ ਜਦੋਂ ਔਰਤਾਂ ਵੀ ਮਰਦਾਂ ਦੇ ਬਰਾਬਰ ਆ ਬੈਠਦੀਆਂ, ਉਹ ਉਦੋਂ ਹੀ ਨਾਟਕ ਸ਼ੁਰੂ ਕਰਦੇ। ਉਨ੍ਹਾਂ ਦੇ ਬਹੁਤੇ ਨਾਟਕਾਂ ਵਿਚ

ਔਰਤਾਂ ਦੇ ਹੱਕਾਂ ਅਤੇ ਸਮਾਜਿਕ ਨਾ-ਬਰਾਬਰੀ ਦੇ ਹੀ ਵਿਸ਼ੇ ਹੁੰਦੇ।

ਉਹ ਆਪਣੇ ਕਲਾਕਾਰਾਂ ਦੇ ਦੁੱਖ-ਸੁਖ ਵਿਚ ਇਕ ਬਾਪ ਦੀ ਤਰ੍ਹਾਂ ਸ਼ਾਮਿਲ ਹੁੰਦੇ, ਉਨ੍ਹਾਂ ਦੇ ਦੁੱਖ 'ਚ ਦੁਖੀ ਤੇ ਖ਼ੁਸ਼ੀ ਵਿਚ ਖ਼ੁਸ਼ ਹੁੰਦੇ। ਮੈਨੂੰ ਯਾਦ ਏ ਜਦੋਂ 'ਕ੍ਰਿਸ਼ਨ' ਨਾਟਕ ਦੀ ਪੇਸ਼ਕਾਰੀ ਨੂੰ ਲੈ ਕੇ ਕੁਝ ਧਾਰਮਿਕ ਜਨੂੰਨੀਆਂ ਨੇ ਮੇਰੇ 'ਤੇ ਤਲਵਾਰਾਂ ਤੇ ਪਿਸਤੌਲਾਂ ਨਾਲ ਹਮਲਾ ਕੀਤਾ ਸੀ ਤਾਂ ਉਦੋਂ ਉਹ ਮੇਰੇ ਕੋਲ ਆਏ ਤੇ ਕਹਿਣ ਲੱਗੇ—'ਤੂੰ ਇਹ ਨਾਟਕ ਨਾ ਕਰ, ਇਹ ਲੋਕ ਐਵੇਂ ਤੇਰਾ ਕੋਈ ਨੁਕਸਾਨ ਨਾ ਕਰ ਦੇਣ, ਤੇਰੀ ਹਾਲੇ ਪੰਜਾਬੀ ਰੰਗਮੰਚ ਨੂੰ ਬੜੀ ਲੋੜ ਏ।' ਮੈਂ ਭਾਵੁਕ ਹੋ ਗਿਆ। ਮੈਨੂੰ ਲੱਗਿਆ ਮੇਰੇ ਬਾਪ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਏ। ਉਨ੍ਹਾਂ ਨੂੰ ਝਿੜਕਾਂ ਦੇਣਾ ਵੀ ਆਉਂਦਾ ਸੀ ਤੇ ਮਨਾਉਣਾ ਵੀ। ਉਨ੍ਹਾਂ ਦੀਆਂ ਝਿੜਕਾਂ ਨਿੱਕੇ ਕਲਾਕਾਰ ਤੋਂ ਲੈ ਕੇ ਸਰਕਾਰ ਦੇ ਵੱਡੇ-ਵੱਡੇ ਮੰਤਰੀਆਂ ਤਕ ਬਰਾਬਰ ਤੇ ਸਪੱਸ਼ਟ ਸਨ, ਭਾਵੇਂ ਕਈ ਵਾਰੀ ਕਿਸੇ ਪ੍ਰੋਗਰਾਮ ਤੋਂ ਪੈਸੇ ਮਿਲਦੇ ਜਾਂ ਨਾ ਮਿਲਦੇ, ਉਹ ਕਲਾਕਾਰਾਂ ਨੂੰ ਜ਼ਰੂਰ ਦਿੰਦੇ।

ਉਨ੍ਹਾਂ ਦੇ ਕੰਮ ਦੀ ਵਿਲੱਖਣਤਾ ਹੀ ਉਨ੍ਹਾਂ ਨੂੰ ਦੂਜਿਆਂ ਨਾਟਕਕਾਰਾਂ ਤੇ ਨਿਰਦੇਸ਼ਕਾਂ ਤੋਂ ਵੱਖਰਿਆਂ ਕਰਦੀ ਸੀ। ਉਨ੍ਹਾਂ ਨੇ ਜੋ ਪੇਂਡੂ ਰੰਗਮੰਚ ਦੀ ਪੇਸ਼ਕਾਰੀ ਦਾ ਮੁਹਾਵਰਾ ਬਣਾਇਆ ਹੈ, ਉਸ ਬਾਰੇ ਹਾਲੇ ਲੇਖਾ-ਜੋਖਾ ਹੋਣਾ ਬਾਕੀ ਹੈ। ਦੁਨੀਆ ਦੇ ਹੋਰ ਕਿਸੇ ਵੀ ਕੋਨੇ ਵਿਚ ਕਿਸੇ ਨੇ ਇਸ ਤਰ੍ਹਾਂ ਦੀ ਲੋਕਾਂ ਵਿਚ ਮਕਬੂਲ ਹੋਣ ਵਾਲੀ ਨਾਟ-ਸ਼ੈਲੀ ਵਿਕਸਤ ਨਹੀਂ ਕੀਤੀ, ਜਿਸ ਤਰ੍ਹਾਂ ਉਨ੍ਹਾਂ ਨੇ ਕੀਤੀ। ਜਿਵੇਂ ਬਰੈਖਤ, ਸ਼ੈਕਸਪੀਅਰ, ਮੇਅਰਹੋਲਡ, ਸਟੈਨੀਸਲੋਵਸਕੀ, ਕਾਰੰਥ, ਪਾਨੀਕਰ, ਹਬੀਬ ਤਨਵੀਰ ਤੇ ਰਤਨ ਥੀਆਮ ਨੇ ਆਪਣੀਆਂ ਸ਼ੈਲੀਆਂ ਈਜਾਦ ਕੀਤੀਆਂ। ਉਸੇ ਤਰ੍ਹਾਂ ਉਨ੍ਹਾਂ ਨੇ ਵੀ ਆਪਣੀ ਵਿਸ਼ੇਸ਼ ਪੇਂਡੂ ਨਾਟ ਸ਼ੈਲੀ ਵਿਕਸਿਤ ਕੀਤੀ।

ਲੋਕ ਰੰਗਮੰਚ ਅਤੇ ਲੋਕ ਲਹਿਰਾਂ ਦੇ ਇਸ ਨਾਇਕ ਨੂੰ ਬੇਸ਼ੁਮਾਰ ਮਾਣ-ਸਨਮਾਨ ਮਿਲੇ। ਪਰ ਉਹ ਕਦੇ ਵੀ ਕਿਸੇ ਸਨਮਾਨ ਦੇ ਮਗਰ ਨਹੀਂ ਸਨ ਦੌੜੇ, ਬਲਕਿ ਸਨਮਾਨ ਦੇਣ ਵਾਲੇ ਉਨ੍ਹਾਂ ਦੇ ਪਿੱਛੇ-ਪਿੱਛੇ ਸਨਮਾਨ ਲੈ ਕੇ ਦੌੜਦੇ ਸਨ। ਉਹ ਆਪ ਇਕ ਤੁਰਿਆ ਫਿਰਦਾ ਸਨਮਾਨ ਸਨ, ਉਹ ਜਿਸ ਵੀ ਕਿਸੇ ਸਮਾਗਮ 'ਤੇ ਜਾਂਦੇ, ਉਹ ਸਮਾਗਮ ਉਨ੍ਹਾਂ ਦੀ ਆਮਦ ਨਾਲ ਆਪ ਸਨਮਾਨਿਤ ਹੋ ਜਾਂਦਾ।

ਉਨ੍ਹਾਂ ਦੇ ਤੁਰ ਜਾਣ ਨਾਲ ਬੇਸ਼ਕ ਅਸੀਂ ਉਦਾਸ ਹਾਂ, ਪਰ ਅਸੀਂ ਡੋਲੇ ਨਹੀਂ। ਸਾਡੇ ਸਾਹਮਣੇ ਉਨ੍ਹਾਂ ਦੀਆਂ ਦੱਸੀਆਂ ਰਾਹਾਂ ਦਾ ਚਾਨਣ ਸਪੱਸ਼ਟ ਹੈ। ਉਨ੍ਹਾਂ ਨੂੰ ਅਸੀਂ ਦ੍ਰਿੜਤਾ, ਵਿਸ਼ਵਾਸ, ਲਗਨ, ਈਮਾਨਦਾਰੀ ਤੇ ਮਿਹਨਤ ਨਾਲ ਵਿਚਰਦਿਆਂ ਵੇਖਿਆ ਹੈ। ਅਸੀਂ ਵੀ ਸੱਚੇ-ਸੁੱਚੇ ਇਰਾਦਿਆਂ ਨਾਲ ਉਨ੍ਹਾਂ ਦੀਆਂ ਦੱਸੀਆਂ ਰਾਹਾਂ 'ਤੇ ਤੁਰਨਾ ਹੈ, ਲੋਕਾਂ ਦੇ ਰੰਗਮੰਚ ਨੂੰ ਜ਼ਿੰਦਾ ਰੱਖਣਾ ਹੈ ਅਤੇ ਉਨ੍ਹਾਂ ਦੇ ਉਸ ਸੁਨੇਹੇ ਨੂੰ ਲੋਕਾਂ ਤਕ ਪਹੁੰਚਾਣਾ ਹੈ ਕਿ ਜਦੋਂ ਤਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੁੰਦੀ, ਇਹ ਜੰਗ ਜਾਰੀ ਰਹੇਗੀ। ਹੱਕ ਤੇ ਸੱਚ ਦੀ ਜੰਗ। ਲੋਕ ਸੰਗਰਾਮਾਂ ਨੂੰ ਪ੍ਰਣਾਏ ਰੰਗਮੰਚ ਦੇ ਸੂਹੇ ਸੂਰਜ ਨੂੰ ਸਲਾਮ—ਉਹ ਕਿਤੇ ਨਹੀਂ ਗਏ, ਉਹ ਸਾਡੇ ਦਿਲਾਂ 'ਚ ਹਨ।